.

# ਬਜਟ 2012 – ਮਜ਼ਬੂਤ ਉਨਟੈਰੀਓ ਲਈ ਇੱਕ ਠੋਸ ਕਦਮ

## ਇੱਕ ਯੋਜਨਾ- ਬੱਜਟੀ ਘਾਟੇ ਨੂੰ ਖਤਮ ਕਰਨ , ਰੋਜ਼ਗਾਰ ਪੈਦਾ ਕਰਨ ਅੱਤੇ ਵਿਦਿਆ ਅੱਤੇ ਸਿਹਤ ਸੰਭਾਲ ਨੂੰ ਸੁਰਖਿਅਤ ਕਰਨ ਦੀ

ਸਮਾਚਾਰ — ਮਾਰਚ 27, 2012

ਉਨਟੈਰੀਓ ਦੇ 2012 ਬਜਟ ਵਿੱਚ ਬਜਟੀ ਘਾਟੇ ਉਤੇ ਕਾਬੂ ਪਾ ਕੇ ਇਸ ਨੂੰ ਖਤਮ ਕਰਨ ਦੀ ਯੋਜਨਾ ਸ਼ਾਮਲ ਹੈ । ਇਹ ਕਰਨ ਲਈ ਪਰੋਗ੍ਰਮਾਂ ਦੇ ਖਰਚੇ ਦੇ ਵਾਧੇ ਤੇ ਅਗਲੇ ਤਿੰਨ ਸਾਲਾਂ ਦੌਰਾਨ 17.7 ਬਿਲੀਅਨ ਡਾਲਰਾਂ ਦੀ ਕਟੌਤੀ ਅੱਤੇ ਬਿਨਾ ਟੈਕਸ ਵਧਾਏ 4.4 ਬਿਲੀਅਨ ਡਾਲਰ ਹੋਰ ਜ਼ਿਆਦਾ ਪ੍ਰਾਪਤ ਕਰਨਾ ਹੈ।

ਔਖੇ ਸਮਿਆਂ ਵਿੱਚ ਚੁਕਿਆ ਗਿਆ ਇਹ ਉਹ ਗੰਭੀਰ ਕਦਮ ਹੈ ਜਿਹੜਾ ਬਜਟੀ ਘਾਟੇ ਨੂੰ 2017-18 ਤੱਕ ਪੂਰਾ ਕਰਕੇ ਉਨਟੈਰੀਓ ਨੂੰ ਮੁੜ ਤਰੱਕੀ ਦੇ ਰਾਹ ਤੇ ਲੈ ਕੇ ਆਵੇਗਾ।
ਉਨਟੈਰੀਓ ਸਰਕਾਰ ਵਲੋਂ ਖਰਚ ਕੀਤੇ ਗਏ ਹਰ ਇੱਕ ਡਾਲਰ ਵਿੱਚੋਂ 50 ਸੈਂਟ ਤਾਂ ਅਧਿਆਪਕਾਂ, ਡਾਕਟਰਾਂ ਅੱਤੇ ਪਬਲਿਕ ਖੇਤਰ ਦੇ ਹੋਰ ਕਰਮਚਾਰੀਆਂ ਦੀ ਮੁਆਵਜ਼ਾ ਪੂਰਤੀ ਲਈ ਖਰਚ ਹੋ ਜਾਂਦੇ ਹਨ। ਇਸ ਗੱਲ ਨੂੰ ਧਿਆਨ ਵਿੱਚ ਰਖਦੇ ਹੋਏ ਕਿ ਉਨਟੈਰੀਓ ਸਰਕਾਰ ਇਸ ਸਮੇਂ ਬਹੁਤ ਹੀ ਔਖੇ ਆਰਥਿਕ ਸਮੇਂ ਵਿੱਚੋਂ ਗੁਜ਼ਰ ਰਹੀ ਹੈ, ਜੇ ਸਰਕਾਰ ਨੇ ਆਪਣਾ ਵਿੱਤੀ ਟੀਚੇ ਨੂੰ ਹਾਸਲ ਕਰਨਾ ਹੈ ਤਾਂ ਇਨ੍ਹਾਂ ਮੁਆਵਜ਼ਾ ਦਰਾਂ ਨੂੰ ਕਾਬੂ ਕਰਨਾ ਹੋਵੇਗਾ ਤਾਂ ਜੋ ਪਿਛਲੇ ਅੱਠ ਸਾਲਾਂ ਵਿਚ ਜੋ ਵਿਦਿਆ ਅੱਤੇ ਸਿਹਤ ਸੰਭਾਲ ਵਿੱਚ ਉਪਲਭਦੀਆਂ ਹਾਸਲ ਕੀਤੀਆਂ ਹਨ ਉਨ੍ਹਾਂ ਨੂੰ ਸੁਰਖਿਅਤ ਰਖਿਆ ਜਾ ਸਕੇ।

ਸਾਮੂਹਿਕ ਐਗਰੀਮੈਂਟਾਂ ਨੁ ਪੂਰਾ ਆਦਰ ਦਿੱਤਾ ਜਾਵੇਗਾ। ਜਿਸ ਮੁਦੇ ਤੇ ਬਜਟ ਨੂੰ ਸੰਤੁਲਨ ਕਰਨ ਅੱਤੇ ਪਰਾਥਮਿਕ ਸੇਵਾਵਾਂ ਦੀ ਰਖਿਆ ਲਈ ਸਮਝੌਤਾ ਨਾ ਹੋ ਸਕਿਆ ਉਸ ਮੁਦੇ ਤੇ ਉਨਟੈਰੀਓ ਸਰਕਾਰ ਜ਼ਰੂਰੀ ਪ੍ਰਬੰਧਕੀ ਅੱਤੇ ਵਿਧਾਇਕੀ ਉਪਾਅ ਪੇਸ਼ ਕਰੇਗੀ।

ਉਨਟੈਰੀਓ ਸਰਕਾਰ ਦਾ ਇਰਾਦਾ ਹੈ ਪ੍ਰਭਾਵਿਤ ਹੋਣ ਵਾਲੇ ਹਿੱਤਧਾਰਕਾਂ ਨਾਲ ਸਲਾਹ-ਮਸ਼ਵਰਾ ਕਰਕੇ ਕਿ ਇਹੋ ਜਿਹੇ ਕਦਮ ਚੁਕੇ ਜਾਣ ਤਾਂ ਜੋ ਪਬਲਿਕ ਖੇਤਰ ਦੇ ਕਰਮਚਾਰੀਆਂ ਦੀਆਂ ਪੈਨਸ਼ਨਾਂ ਕਰਦਾਤਾਂਵਾਂ ਲਈ ਵਧੇਰੇ ਪਹੁੰਚ ਦੇ ਅੰਦਰ ਹੋਣ ਅੱਤੇ ਪੈਨਸ਼ਨ ਪਲੈਨ ਮੈਂਬਰਾਂ ਲਈ ਵੀ ਟਿਕਾਉ ਹੋਣ। ਉਦਾਹਰਣ ਦੇ ਤੌਰ ਤੇ, ਉਨ੍ਹਾਂ ਮਾਮਲਿਆਂ ਵਿੱਚ, ਜਿਥੇ ਪੈਨਸ਼ਨ ਘਾਟੇ ਵਿੱਚ ਹੈ, ਕਈ ਸਾਰਵਜਾਨਿਕ ਖੇਤਰ ਦੇ ਕਰਮਚਾਰੀਆਂ ਨੂੰ ਕਿਹਾ ਜਾਵੇਗਾ ਕਿ ਸਰਕਾਰ ਅਤੇ ਮਾਲਕਾਂ ਤੋਂ ਹੋਰ ਪੈਨਸ਼ਨ ਯੋਗਦਾਨ ਮੰਗਣ ਤੋਂ ਪਹਿਲਾਂ ਭਵਿੱਖ ਦੇ ਲਾਭਾਂ ਨੂੰ ਘਟਾਇਆ ਜਾਵੇ, ਪਰ ਵਰਤਮਾਨ ਦੇ ਰਿਟਾਇਰ ਹੋਏ ਲੋਕ ਇਸ ਤੋਂ ਪ੍ਰਭਾਵਿਤ ਨਹੀਂ ਹੋਣਗੇ।

2012 ਦੇ ਬਜਟ ਵਿੱਚ ਬਜਟ ਨੂੰ 2017-18 ਤੱਕ ਸੰਤੁਲਿਤ ਕਰਨ ਦਾ ਇੱਕ ਠੋਸ ਪ੍ਰਸਤਾਵ ਹੈ:
- ਤਿੰਨ ਸਾਲਾਂ ਦੇ ਸਮੇਂ ਦੌਰਾਨ 4.9 ਬਿਲਿਅਨ ਡਾਲਰਾਂ ਦੀ ਬਚੱਤ ਨੂੰ ਅਮਲ ਵਿੱਚ ਲਿਆਉਣਾ
- ਕਾਰਪੋਰੇਟ ਇਨਕਮ ਟੈਕਸ ਦਰਾਂ ਅੱਤੇ ਬਿਜ਼ਨਸ ਸਿਖਿਆ ਟੈਕਸ ਰੇਟ ਨੂੰ ਫਰੀਜ਼ ਕੀਤੀ ਜਾਵੇਗੀ, ਜਦੋਂ ਤਕ ਕਿ ਬਜਟ ਬੈਲੰਸ ਨਾ ਹੋ ਜਾਵੇ।
- ਉਨਟੈਰੀਓ ਦਾ ਕਲੀਨ ਐਨਰਜੀ ਬੈਨਿਫਿਟ ਹਰ ਮਹੀਨੇ 3000 ਕਿਲੋ ਵਾਟ ਕਵਰ ਕਰੇਗਾ
- ਉਨਟੈਰੀਓ ਡਰਗ ਬੈਨੀਫਿਟ ਪਰੋਗ੍ਰਾਮ ਵਿੱਚ ਵੀ ਬਦਲਾਵ ਕੀਤਾ ਗਿਆ ਹੈ ਜਿਸ ਦੇ ਲਾਗੂ ਹੋਣ ਨਾਲ ਸਿਰਫ਼ 5% ਬਜ਼ੁਰਗ ਹੀ ਪ੍ਰਭਾਵਿਤ ਹੋਣਗੇ। ਉਹ ਬਜ਼ੁਰਗ, ਜਿਨ੍ਹਾਂ ਦੀ ਆਮਦਨੀ ਜਿਆਦਾ ਹੈ, ਨੂੰ ਆਪਣੀ ਦਵਾਈਆਂ ਦਾ ਵਧੇਰੇ ਖਰਚਾ ਆਪ ਦੇਣਾ ਪਵੇਗਾ।
- ਇਹ ਯਕੀਨੀ ਬਣਾਇਆ ਜਾਵੇਗਾ ਕਿ ਉਪਭੋਗਤਾ ਫੀਸ ਨਾਲ ਸੇਵਾਵਾਂ ਪ੍ਰਦਾਨ ਕਰਨ ਤੇ ਜੋ ਖਰਚਾ ਆਉਂਦਾ ਹੈ ਉਹ ਖਰਚਾ ਹਾਸਲ ਹੋ ਸਕੇ
- ਐਮ ਪੀ ਪੀਆਂ ਦੀਆਂ ਤਨਖਾਹਵਾਂ ਹੋਰ ਦੋ ਸਾਲਾ ਲਈ ਫਰੀਜ਼ ਕਰ ਦਿਤੀਆਂ ਗਈਆਂ ਹਨ, ਇਹ ਕਰਨ ਨਾਲ ਐਮ ਪੀ ਪੀਆਂ ਦੀ ਤਨਖਾਹਾਂ ਤੇ ਫਰੀਜ਼ ਦੀ ਮਿਆਦ ਪੰਜ ਸਾਲ ਹੋ ਜਾਵੇਗੀ

…/2

- ਹਸਪਤਾਲਾਂ, ਵਿਸ਼ਵ ਵਿਦਿਆਲਿਆਂ, ਕਾਲਜਾਂ, ਸਕੂਲ ਬੋਰਡਾਂ ਅੱਤੇ ਹੋਰ ਏਜੰਸੀਆਂ ਦੇ ਕਾਰਜਕਾਰੀ ਮੁਖਿਆਂ ਦੀ ਤਨਖਾਹਾਂ ਵੀ ਹੋਰ ਦੋ ਸਾਲਾਂ ਲਈ ਫਰੀਜ਼ ਕਰ ਦਿਤੀਆਂ ਗਈਆਂ ਹਨ।

2011-12 ਲਈ ਅਨੁਮਾਨ ਬਜਟੀ ਘਾਟਾ 15.3 ਬਿਲਿਅਨ ਡਾਲਰ ਹੈ- ਇਹ ਘਾਟਾ ਇੱਕ ਸਾਲ ਪਹਿਲਾਂ ਲਾਏ ਗਏ ਅਨੁਮਾਨ ਨਾਲੋਂ 1 ਬਿਲੀਅਨ ਡਾਲਰ ਘੱਟ ਹੈ ਅੱਤੇ 2009-10 ਲਈ ਜੋ 2009 ਵਿੱਚ ਅਨੁਮਾਨ ਲਾਇਆ ਗਿਆ ਸੀ ਉਸ ਤੋਂ 38% ਦੀ ਤਰਕੀ ਹੈ। ਉਨਟੈਰੀਓ ਦੀ ਵਿੱਤੀ ਹਾਲਤ ਵਿੱਚ ਸੁਧਾਰ ਲਿਆਉਣ ਲਈ ਅੱਤੇ ਹੋਰ ਰੁਜ਼ਗਾਰ ਪੈਦਾ ਕਰਣ ਤੇ ਉਨਟੈਰੀਓ ਸਰਕਾਰ ਆਪਣਾ ਧਿਆਨ ਕੇਂਦਰਿਤ ਕਰੇਗੀ।

ਨੌਕਰੀਆਂ ਅੱਤੇ ਖੁਸ਼ਹਾਲੀ—

ਉਨਟੈਰੀਓ ਨੂੰ ਇੱਕ ਇਹੋ ਜਿਹਾ ਮਜ਼ਬੂਤ ਸੂਬਾ ਬਨਾਓਣ ਦਾ ਪਲੈਨ ਹੈ ਜਿਸ ਵਿੱਚ ਵਪਾਰੀ ਹੋਰ ਲਾਗਤ ਲਾਉਣ ਅੱਤੇ ਉਤਪਾਦਨ ਵਧਾਉਣ ਤਾਂ ਜੋ ਉਨਟੈਰੀਓ ਵਿਸ਼ਵ ਸਤਰ ਤੇ ਮੁਕਾਬਲਾ ਕਰ ਸਕੇ:

- ਕਈ ਬਿਜ਼ਨਸ ਸਪੋਰਟ ਪਰੋਗ੍ਰਾਮਾਂ ਨੂੰ ਰੁਜ਼ਗਾਰ ਅੱਤੇ ਖੁਸ਼ਹਾਲੀ ਫੰਡਾਂ ਵਿੱਚ ਤਬਦੀਲ ਕਰ ਦਿੱਤਾ ਜਾਵੇਗਾ ਜਿਹੜੇ ਕਿ ਉਤਪਾਦਨ ਅੱਤੇ ਰੋਜ਼ਗਾਰ ਦੇ ਮੁਦਿਆਂ ਤੇ ਵਧੇਰੇ ਧਿਆਨ ਦੇ ਸਕਣ ਅੱਤੇ ਇਸ ਦੇ ਨਾਲ ਨਾਲ ਕੁਲ ਮਿਲਾ ਕੇ 2014-15 ਵਿੱਚ 250 ਮਿਲੀਅਨ ਡਾਲਰ ਦੀ ਬਚਤ ਹੋ ਸਕੇ
- ਮਲਟੀ-ਸਟੇਕਹੋਲਡਰ ਜਾਬ ਅੱਤੇ ਪ੍ਰਾਸਪੈਰਿਟੀ ਕੌਂਸਲ ਦਾ ਨਿਰਮਾਣ ਕਰਨਾ ਜਿਹੜੀ ਕਿ ਉਨਟੈਰੀਓ ਸਰਕਾਰ ਨੂੰ ਉਦਪਾਦਨ ਵਧਾਉਣ ਦੇ ਤਰੀਕਿਆਂ ਲਈ ਸਲਾਹ ਦੇਵੇ ਅੱਤੇ ਉਨਟੈਰੀਓ ਦੇ ਉਤਪਾਦਨ ਅੱਤੇ ਉਦਮਾਂ ਦਾ ਖ਼ਾਕਾ ਤਿਆਰ ਕਰੇ
- ਵੱਖ ਵੱਖ ਉਭਰ ਰਹੀਆਂ ਇਕਾਈਆਂ ਦੀਆਂ ਵਪਾਰ ਸਮਰਥੀ ਗਤਿਵਿਧੀਆਂ ਨੂੰ ਮਿਨੀਸਟਰੀਆਂ ਨਾਲ ਤਾਲਮੇਲ ਕਰ ਕੇ ਵਧਾਇਆ ਜਾ ਸਕੇ

ਗਿਆਨ ਅੱਤੇ ਹੁਨਰ—

ਉਨਟੈਰੀਓ ਸਰਕਾਰ ਆਪਣੇ ਉਸ ਪਲਾਨ ਤੇ ਕੰਮ ਕਰ ਰਹੀ ਹੈ ਜਿਸ ਦੇ ਤਿਹਤ ਉਹ ਉਨਟੈਰੀਓ ਵਿੱਚ ਦੁਨਿਆਂ ਦਾ ਸਭ ਤੋਂ ਪੜਿਆ-ਲਿਖਿਆ ਵਰਕਫੋਰਸ ਪੈਦਾ ਕਰ ਸਕੇ ਜਿਸ ਨਾਲ ਭਵਿਖ ਦੀ ਤਰੱਕੀ ਯਕੀਨੀ ਹੋ ਸਕੇਗੀ। ਉਹ ਪਲੈਨ ਹੈ:

- ਸਤੰਬਰ 2014 ਤੱਕ ਫੁਲ ਡੇ ਕਿੰਡਰਗਾਰਟਨ ਪੂਰੀ ਤਰ੍ਹਾਂ ਲਾਗੂ
- ਛੋਟੀਆਂ ਕਲਾਸਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਤੇ ਕਾਬੂ
- 30% ਟਿਊਸ਼ਨ ਗ੍ਰਾਂਟ ਵਿਸ਼ਵ ਵਿਦਿਆਲਿਆਂ ਅੱਤੇ ਕਾਲਜਾਂ ਦੇ ਉਨ੍ਹਾਂ ਵਿਦਿਆਰਥੀਆਂ ਲਈ ਜਾਰੀ ਰਖਣੀ ਜਿਹੜੇ ਇਸ ਦੇ ਹੱਕਦਾਰ ਹਨ
- ਇਹੋ ਜਿਹੇ ਟਰੇਨਿੰਗ ਪਰੋਗ੍ਰਾਮਾ ਵਿੱਚ ਵਾਧਾ ਕੀਤਾ ਜਾਵੇਗਾ ਜਿਸ ਕਾਰਨ ਰੋਜ਼ਗਾਰ ਮਿਲਣ ਵਿੱਚ ਆਸਾਨੀ ਹੋ ਸਕੇ

ਸਿਹਤ ਸੰਭਾਲ ਵਿੱਚ ਬਦਲਾਵ:

ਚੰਗੀ ਅੱਤੇ ਦਰੁਸਤ ਸਿਹਤ ਸੰਭਾਲ ਪ੍ਰਦਾਨ ਕਰਨ ਲਈ ਉਨਟੈਰੀਓ ਸਰਕਾਰ ਆਪਣੇ ਉਨਟੈਰੀਓ ਐਕਸ਼ਨ ਪਲਾਨ ਫ਼ਾਰ ਹੈਲਥ ਕੇਅਰ ਦੇ ਅਨੁਸਾਰ ਕਦਮ ਚੁਕ ਰਹੀ ਹੈ। ਇਹ ਕਦਮ ਹਨ:

- ਆਉਣ ਵਾਲੇ ਤਿੰਨ ਸਾਲਾਂ ਵਿੱਚ ਸਿਹਤ ਸੰਭਾਲ ਤੇ ਹੋਣ ਵਾਲੇ ਖਰਚਿਆਂ ਦਾ ਵਾਧਾ 2.1% ਸਾਲਾਨਾ ਤੇ ਹੋਵੇਗਾ
- ਕਮਿਊਨਿਟੀ ਬੇਸਡ ਸੰਭਾਲ ਨੂੰ ਹੋਰ ਬੜਾਵਾ ਦੇਣਾ ਤਾਂ ਜੋ ਹਸਪਤਾਲਾਂ ਦੇ ਬਦਲੇ ਘਰਾਂ ਵਿੱਚ ਜਾਂ ਨਾਨ-ਪਰਾਫਿਟ ਕਲਿਨਿਕਾਂ ਵਿੱਚ ਲੋੜਵੰਦਾ ਦੀ ਦੇਖਭਾਲ ਹੋ ਸਕੇ
- ਮਰੀਜ਼ਾਂ ਤੇ ਕੇਂਦਰਿਤ ਫੰਡਿੰਗ ਵਲ ਜ਼ਿਆਦਾ ਧਿਆਨ ਦਿੱਤਾ ਜਾਵੇ ਤਾਂ ਜੋ ਸੰਭਾਂਲ ਦੀ ਕੁਆਲਿਟੀ ਵਧੀਆ ਕੀਤੀ ਜਾ ਸਕੇ

ਮਨਿਸਟਰ ਆਫ਼ ਫਾਈਨੈਂਸ, ਡਵਾਈਟ ਡੰਕਨ ਨੇ ਕਿਹਾ, " ਅਸੀਂ ਉਹ ਸਾਰੇ ਕਦਮ ਚੁਕ ਰਹੇ ਹਾਂ ਜਿਸ ਨਾਲ ਉਨਟੈਰੀਓ ਦੇ ਨਿਵਾਸੀਆਂ ਨੂੰ ਆਪਣੇ ਟੈਕਸ ਡਾਲਰਾਂ ਦੀ ਪੂਰੀ ਕੀਮਤ ਵਸੂਲ ਹੋ ਸਕੇ ਅੱਤੇ ਵਧੀਆ ਤੋਂ ਵਧੀਆ ਸੇਵਾਂਵਾਂ ਪ੍ਰਾਪਤ ਹੋ ਸਕਣ। ਇਸ ਬਜਟ ਨੂੰ ਬੈਲੈਂਸ ਕਰਨ ਲਈ ਸਾਡਾ ਸਭ ਦਾ ਯੋਗਦਾਨ ਜ਼ਰੂਰੀ ਹੈ।"

ਡਵਾਈਟ ਡੰਕਨ ਨੇ ਇਹ ਵੀ ਕਿਹਾ, " ਮਜ਼ਬੂਤ ਉਨਟੈਰੀਓ ਬਣਾਉਣ ਲਈ ਮਜ਼ਬੂਤ ਕਦਮ ਚੁਕਣ ਦੀ ਲੋੜ ਹੈ। ਉਹ ਸਾਰੇ ਚੰਗੇ ਨਤੀਜੇ ਜਿਹੜੇ ਹੁਣ ਤੱਕ ਅਸੀਂ ਹਾਸਲ ਕੀਤੇ ਹਨ ਉਨ੍ਹਾਂ ਨੂੰ ਕਾਇਮ ਰਖਾਂਗੇ। ਜਦੋਂ ਜਦੋਂ ਅਸੀਂ ਉਤਮ ਕਦਮ ਉਠਾਵਾਂਗੇ ਉਦੋਂ ਉਦੋਂ ਅਸੀਂ ਆਪਣੀ ਸਿਖਿਆ ਅੱਤੇ ਸਿਹਤ ਸੰਭਾਲ ਨੂੰ ਖੁਸ਼ਹਾਲ ਬਣਾਵਾਂਗੇ।"

…/3

ਮੁਖ ਤੱਤ:

- 2012 ਦੇ ਬਜਟ ਵਿੱਚ ਜੋ ਬਜਟ ਘਾਟੇ ਨੂੰ ਘਟਾਉਣ ਲਈ ਹਲ ਪ੍ਰਸਤਾਵਿਤ ਕੀਤੇ ਗਏ ਹਨ ਉਨ੍ਹਾਂ ਕਾਰਣ 2014-15 ਵਿੱਚ ਇਹ ਘਾਟਾ 22.1 ਬਿਲੀਅਨ ਡਾਲਰ ਘਟ ਹੋਵੇਗਾ। ਇਹ ਸਭ ਕੁਛ ਨਹੀਂ ਹੋ ਸਕਦਾ ਸੀ ਜੇ ਕੋਈ ਕਦਮ ਨਾ ਉਠਾਏ ਜਾਂਦੇ।
- 2012 ਬਜਟ ਵਿੱਚ ਹਰ ਇੱਕ ਡਾਲਰ ਦੀ ਬਚਤ ਪਿੱਛੇ ਚਾਰ ਡਾਲਰਾਂ ਦੀ ਬਚਤ ਅੱਤੇ ਖਰਚੇ ਤੇ ਰੋਕ ਹੈ।

ਇਸ ਬਜਟੀ ਘਾਟੇ ਨੂੰ ਬੈਲੰਸ ਕਰਨ ਲਈ ਜੇ ਕੋਈ ਕਦਮ ਨਾ ਚੁਕੇ ਜਾਂਦੇ ਤਾਂ ਉਸ ਦੇ ਮੁਕਾਬਲੇ 2012 ਬਜਟ ਵਿੱਚ ਹਨ ਪਰੋਗ੍ਰਾਮਾ ਅੱਤੇ ਖਰਚਿਆਂ ਵਿੱਚ ਕੁਲ 17.7 ਬਿਲੀਅਨ ਡਾਲਰ ਦੀ ਕਟੌਤੀ ਦੇ ਤਰੀਕੇ:

- ਉਵਰਲੈਪ ਅਤੇ ਡੁਪਲੀਕੇਸ਼ਨ ਨੂੰ ਹਟਾ ਕੇ 4.9 ਬਿਲੀਅਨ ਡਾਲਰ ਦੀ ਸੋਚੀ ਸਮਝੀ ਬਚਤ।
- ਸਕੂਲ ਬੋਰਡਜ਼, ਡਾਕਟਰਾਂ ਅਤੇ ਪਬਲਿਕ ਮੁਲਾਜ਼ਿਮਾਂ ਨੂੰ ਮਿਲਨ ਵਾਲੇ 6 ਬਿਲੀਅਨ ਡਾਲਰ ਮੁਆਵਜੇ ਤੇ ਰੋਕ ।

- ਇਹ ਅੰਦਾਜਾ ਲਾਇਆ ਗਿਆ ਹੈ ਕਿ ਉਨਟੈਰੀਓ ਦੀ ਆਰਿਧਕਤਾ 2012 ਵਿੱਚ 1.7% ਦਾ ਵਾਧਾ ਹੋਵੇਗਾ, 2013 ਵਿੱਚ 2.2% ਦਾ ਅੱਤੇ 2014 ਵਿੱਚ 2.4 % ਦਾ
- 2011 ਵਿੱਚ 121,000 ਤੋਂ ਵੀ ਵਧ ਰੋਜ਼ਗਾਰ ਪੈਦਾ ਹੋਏ ਸਨ ਜਿਸ ਕਾਰਨ ਫੁਲ ਟਾਇਮ ਰੋਜ਼ਗਾਰਾਂ ਵਿੱਚ 123,400 ਦਾ ਵਾਧਾ ਹੋਇਆ ਸੀ
- ਉਨਟੈਰੀਓ ਦੇ ਕਰਜ਼ੇ ਦੀ ਦੇਖਭਾਲ ਦਾ ਖਰਚਾ 10 ਬਿਲੀਅਨ ਡਾਲਰ ਹੈ ਜਿਹੜਾ ਸਿਹਤ ਸੰਭਾਲ ਅੱਤੇ ਸਿਖਿਆ ਖੇਤਰ ਦੇ ਖਰਚਿਆਂ ਤੋਂ ਬਾਅਦ ਸਭ ਤੋਂ ਵਡਾ ਖਰਚਾ ਹੈ। ਕਹਿਣ ਦਾ ਭਾਵ ਹੈ ਕਿ ਉਨਟੈਰੀਓ ਸਰਕਾਰ ਇਸ ਕਰਜ਼ੇ ਦੇ ਵਿਆਜ ਦਾ ਭੁਗਤਾਨ ਕਰਨ ਲਈ ਕਾਲਜਾਂ ਅੱਤੇ ਯੁਨਿਵਰਸਿਟੀਆਂ ਤੇ ਹੋਣ ਵਾਲੇ ਖਰਚੇ ਨਾਲੋਂ ਵੀ ਵਧ ਖਰਚਾ ਕਰ ਰਹੀ ਹੈ।
- ਵਿਆਜ ਦਰਾਂ ਵਿੱਚ 1% ਵਾਧੇ ਵਜੋਂ ਉਨਟੈਰੀਓ ਦੇ ਕਰਜ਼ੇ ਦੀ ਦੇਖਭਾਲ ਲਈ ਖਰਚੇ ਵਿੱਚ ਪਹਿਲੇ ਸਾਲ ਵਿੱਚ 467 ਮਿਲੀਅਨ ਡਾਲਰਾਂ ਦਾ ਵਾਧਾ ਹੁੰਦਾ ਹੈ। ਜੇਕਰ ਬਜਟੀ ਘਾਟੇ ਨੂੰ ਬੈਲੰਸ ਕਰਨ ਲਈ ਕੋਈ ਕਦਮ ਨਾ ਚੁਕੇ ਜਾਣ ਤਾਂ ਇਸ ਕਰਜ਼ੇ ਦੀ ਦੇਖਰੇਖ ਲਈ ਜੋ ਖਰਚਾ 2017-2018 ਤੱਕ ਹੋਵੇਗਾ ਉਹ ਸਿਖਿਆ ਖੇਤਰ ਤੇ ਹੋਣ ਵਾਲੇ ਖਰਚੇ ਦੇ ਬਰਾਬਰ ਹੋਵੇਗਾ।
- ਫਰਵਰੀ 2012 ਵਿੱਚ ਕਾਨਫਰੈਂਸ ਬੋਰਡ ਆਫ਼ ਕੈਨੇਡਾ ਨੇ ਸਲਾਹ ਦਿੱਤੀ ਸੀ ਕਿ ਜੇ ਖਰਚਿਆਂ ਤੇ ਕਾਬੂ ਨਾ ਪਾਇਆ ਗਿਆ ਤਾਂ 2017-18 ਤੱਕ ਬਜਟੀ ਘਾਟੇ ਦੀ ਦਰ ਵਧ ਕੇ 16 ਬਿਲੀਅਨ ਡਾਲਰ ਤੱਕ ਪਹੁੰਚ ਜਾਵੇਗੀ। ਕਮਿਸ਼ਨ ਆਨ ਦਾ ਰਿਫ਼ਾਰਮ ਆਫ਼ ਉਨਟੈਰੀਓ ਪਬਲਿਕ ਦਾ ਹਿਸਾਬ ਕਹਿੰਦਾ ਹੈ ਕਿ ਇਹ ਬਜਟੀ ਘਾਟਾ 30 ਬਿਲੀਅਨ ਤੱਕ ਵੀ ਵਧ ਸਕਦਾ ਹੈ।
- 2011-12 ਵਿੱਚ ਉਨਟੈਰੀਓ ਦੀ ਪਰਕੈਪਿਟਾ ਪਰੋਗ੍ਰਾਮ ਖਰਚ 8,560 ਡਾਲਰ ਦਸਿਆ ਗਿਆ ਹੈ ਅੱਤੇ ਔਸਤੀ ਤੌਰ ਤੇ 9 ਸੁਬਈ ਸਰਕਾਰਾਂ ਨਾਲੋਂ 11% ਘੱਟ ਹੈ।

ਓਨਟੈਰੀਓ ਸਰਕਾਰ ਦੇ ਖਰਚੇ ਦੇ ਪਰਬੰਧਨ ਲਈ ਚੁੱਕੇ ਗਏ ਕਦਮਾਂ ਬਾਰੇ ਹੋਰ ਜਾਣਕਾਰੀ ਲਈ:

Read the 2012 Ontario Budget.

Learn more about expense management measures being taken by Ontario.

2012 ਉਨਟੈਰੀਓ ਬਜਟ ਬਾਰੇ ਹੋਰ ਅਧਾਰਿਤ ਜਾਣਕਾਰੀ ਹਾਸਲ ਕਰਨ ਲਈ ਵੇਖੋ:

- Ontario’s Economic Outlook and Fiscal Plan
- Public Sector Compensation
- Balancing the Budget
- A Fair and Efficient Drug System

Read highlights of the 2012 Ontario Budget.

ਸਿਰਫ ਮੀਡੀਆ ਦੀ ਜਾਣਕਾਰੀ ਲਈ:
ਐਲੀ ਵੀਟੁਨਸਕੀ, 416-325-9819
ਸਕੌਟ ਬਲੋਜੇਟ , ਮਨਿਸਟਰੀ ਔਫ ਫਾਈਨਾਂਸ 416-325-0324

ਆਮ ਜਨਤਾ ਦੀ ਜਾਣਕਾਰੀ ਲਈ:
1-800-337-7222
TTY: 1-800-263-777